SIKHS FOR JUSTICE
A HUMAN RIGHTS ADVOCACY GROUP

THE EXCHANGE TOWER
130 KING STREET WEST, SUITE 1800
TORONTO, ON M5X 1E3
T: 416.825.5756

# ਪ੍ਰੋਫੈਸਰ ਭੁਲਰ ਨੂੰ ਫਾਂਸ਼ੀ ਤੋਂ ਬਚਾਉਣ ਲਈ ਸੈਕੜੇ ਕੈਨੇਡੀਅਨ ਸਿਖਾਂ ਵਲੋਂ ਰੈਲੀ

## ਕੈਨੇਡੀਅਨ ਪਤਨੀ ਵਲੋਂ ਫੌਰੀ ਦਖਲ ਦੀ ਅਪੀਲ

ਟੋਰੋਂਟੋ, 10 ਜੂਨ 2011-

ਭਾਰਤ ਵਿਚ ਫਾਂਸੀ ਦੀ ਸਜ਼ਾ ਪ੍ਰਾਪਤ ਪ੍ਰੋਫੈਸਰ ਦਵਿੰਦਰ ਪਾਲ ਸਿੰਘ ਭੁਲਰ ਨੂੰ ਬਚਾਉਣ ਲਈ ਮਨੁੱਖੀ ਅਧਿਕਾਰ ਸੰਸਥਾ ਸਿਖਸ ਫਾਰ ਜਸਟਿਸ ਵਲੋਂ ਦਿੱਤੇ ਗਏ ਸੱਦੇ 'ਤੇ ਪ੍ਰਵਾਸੀ ਭਾਰਤੀ ਦਿਵਸ ਕਨਵੈਨਸ਼ਨ ਦੌਰਾਨ ਪ੍ਰੋ. ਭੁਲਰ ਲਈ ਆਵਾਜ਼ ਬੁਲੰਦ ਕਰਨ ਵਾਸਤੇ ਸੈਂਕੜੇ ਕੈਨੇਡਾ ਵਾਸੀ ਡਾਊਨ ਟਾਊਨ ਟੋਰੋਂਟੋ ਵਿਚ ਇਕੱਠੇ ਹੋਏ ਜਿਨ੍ਹਾਂ ਵਿਚ ਸਿਖ, ਮੁਸਲਮਾਨ ਤੇ ਇਸਾਈ ਲੋਕ ਸ਼ਾਮਿਲ ਸਨ।

ਪ੍ਰਵਾਸੀ ਭਾਰਤੀ ਦਿਵਸ ਦੇ ਇਸ ਸਮਾਗਮ ਵਿਚ ਹੋਣ ਵਾਲੇ ਭਾਰਤੀ-ਕੈਨੇਡਾਈ ਵਪਾਰਕ ਆਗੂਆਂ ਦੀ ਕਾਨਫਰੰਸ ਦੌਰਾਨ ਓਵਰਸੀਜ਼ ਮਾਮਲਿਆਂ ਬਾਰੇ ਮੰਤਰੀ ਵਿਆਲਰ ਰਵੀ ਤੇ ਕਈ ਸੰਸਦ ਮੈਂਬਰ ਤੇ ਉੱਚ ਅਧਿਕਾਰੀਆਂ ਨੇ ਸ਼ਾਮਿਲ ਹੋਣਾ ਸੀ ਪਰ ਆਖਰੀ ਮਿਨਟ ਵਿਚ ਕੇਵਲ ਪ੍ਰਨੀਤ ਕੌਰ ਹੀ ਇਸ ਸਮਾਗਮ ਵਿਚ ਸ਼ਾਮਿਲ ਹੋਈ ਤੇ ਇਸ ਤਬਦੀਲੀ ਲਈ ਕੈਨੇਡਾ ਸਥਿਤ ਭਾਰਤੀ ਹਾਈ ਕਮਿਸ਼ਨਰ ਦੇ ਦਫਤਰ ਵਲੋਂ ਕੋਈ ਕਾਰਨ ਨਹੀਂ ਦਸਿਆ ਗਿਆ। ਇਸ ਤੋਂ ਪਹਿਲਾਂ ਇਸ ਸਾਲ ਭਾਰਤ ਸਰਕਾਰ ਨੇ ਸਾਲ 2011 ਨੂੰ ਕੈਨੇਡਾ ਵਿਚ ਭਾਰਤੀ ਸਾਲ ਵਜੋਂ ਐਲਾਨਿਆ ਹੋਇਆ ਹੈ। ਇਸ ਕਨਵੈਨਸ਼ਨ ਉੱਤਰੀ ਅਮਰੀਕਾ ਵਿਚ ਭਾਰਤ ਦੀ ਸੱਭ ਤੋਂ ਵੱਡੀ ਮੀਟਿੰਗ ਮੰਨੀ ਜਾ ਰਹੀ ਸੀ।

ਪ੍ਰੋਫੈਸਰ ਭੁਲਰ ਦੇ ਕੇਸ ਨੇ ਭਾਰਤ ਵਿਚ ਸਿਖਾਂ ਦੀ ਦਸ਼ਾ ਵਲ ਕੌਮਾਂਤਰੀ ਧਿਆਨ ਖਿਚਿਆ ਹੈ। ਅੱਤਵਾਦ ਤੇ ਭੰਨਤੋੜ ਦੀਆਂ ਕਾਰਵਾਈਆਂ ਬਾਰੇ ਕਾਨੂੰਨ (ਟਾਡਾ) ਜਿਸ ਦੀ ਯੂ ਐਨ ਵਲੋਂ ਅਲੋਚਨਾ ਕੀਤੀ ਗਈ ਸੀ ਤੇ ਇਸ ਦੇ ਅਸਵਿਧਾਨਿਕ ਹੋਣ ਕਾਰਨ ਬਾਅਦ ਵਿਚ ਇਸ ਨੂੰ ਰੱਦ ਕਰ ਦਿੱਤਾ ਗਿਆ ਸੀ, ਤਹਿਤ ਦੋਸ਼ੀ ਠਹਿਰਾਏ ਗਏ ਭੁਲਰ ਦੀ ਸਜ਼ਾ ਮੁਆਫੀ ਲਈ ਕੈਨੇਡਾ ਦੇ ਸਿਖਾਂ ਨੇ ਰੈਲੀ ਕੀਤੀ ਤੇ ਮੰਗ ਕੀਤੀ ਕਿ ਉਨ੍ਹਾਂ ਦੇ ਚੁਣੇ ਹੋਏ ਨੁਮਾਇੰਦੇ ਤੇ ਵਪਾਰਤ ਭਾਈਚਾਰੇ ਦੇ ਮੈਂਬਰ ਉੱਥੇ ਮੌਜੂਦ ਭਾਰਤੀ ਵਫਦ ਨਾਲ ਪ੍ਰੋਫੈਸਰ ਭੁਲਰ ਦੇ ਮੁੱਦੇ ਨੂੰ ਉਠਾਉਣ।

ਪ੍ਰੋ. ਭੁਲਰ ਦੇ ਪਤਨੀ ਨਵਨੀਤ ਕੌਰ ਨੇ ਕਿਹਾ ਕਿ ਜਦ ਤਕ ਕੈਨੇਡਾ ਤੇ ਹੋਰ ਵਿਦੇਸ਼ੀ ਸਰਕਾਰਾਂ ਭੁਲਰ ਦੀ ਸਜ਼ਾ ਮੁਆਫੀ ਲਈ ਭਾਰਤ ਸਰਕਾਰ 'ਤੇ ਦਬਾਅ ਨਹੀਂ ਪਾਉਂਦੀਆਂ ਭੁਲਰ ਨੂੰ ਫਾਂਸੀ ਲਗਣੀ ਯਕੀਨੀ ਹੈ।

ਕੈਨੇਡਾਈ ਨਾਗਰਿਕ ਨਵਨੀਤ ਕੌਰ ਸਰੀ ਬੀ ਸੀ ਤੋਂ ਇਸ ਇਨਸਾਫ ਰੈਲੀ ਵਿਚ ਸ਼ਾਮਿਲ ਹੋਣ ਲਈ ਇੱਥੇ ਆਈ ਸੀ। ਇਹ ਰੈਲੀ ਅੱਜ ਮੈਟਰੋ ਟੋਰੋਂਟੋ ਕਨਵੈਨਸ਼ਨ ਸੈਂਟਰ ਦੇ ਬਾਹਰ ਹੋਈ ਜਿੱਥੇ ਓਂਟਾਰੀਓ ਦੇ ਪ੍ਰੀਮੀਅਰ ਡਾਲਟਨ ਮੈਕਗਿਨਟੀ ਭਾਰਤ ਤੋਂ ਆਏ ਸਿਆਸੀ ਆਗੂਆਂ ਤੇ ਵਪਾਰਕ ਆਗੂਆਂ ਨਾਲ ਮੀਟਿੰਗ ਕਰ ਰਹੇ ਸੀ। ਇਸ ਮੌਕੇ ਨਵਨੀਤ ਕੌਰ ਨੇ ਭਾਵੁਕ ਹੁੰਦਿਆਂ ਕਿਹਾ ਕਿ ਮੈਂ ਜ਼ੋਰਦਾਰ ਅਪੀਲ ਕਰਦੀ ਹਾਂ ਕਿ ਕੋਈ ਵੀ ਕੈਨੇਡਾਈ ਸਿਆਸਤਦਾਨ ਮੇਰੇ ਬੇਕਸੂਰ ਪਤੀ ਨੂੰ ਬਚਾਉਣ ਲਈ ਮੇਰੀ ਮਦਦ ਕਰਨ ਵਾਸਤੇ ਅੱਗੇ ਆਵੇ। ਉਨ੍ਹਾਂ ਨੇ ਕਿਹਾ ਕਿ ਮੈਂ ਪ੍ਰਧਾਨ ਮੰਤਰੀ ਹਾਰਪਰ, ਗਵਰਨਰ ਜਨਰਲ ਤੇ ਓਂਟਾਰੀਓ ਦੇ ਪ੍ਰੀਮੀਅਰ ਨੂੰ ਪੱਤਰ ਲਿੱਖ ਕੇ ਮਮਦ ਦੀ ਗੁਹਾਰ ਲਗਾਈ ਹੈ। ਮੇਰੇ ਪਤੀ ਨੂੰ ਝੂਠਾ ਦੋਸ਼ੀ ਕਰਾਰਿਆ ਗਿਆ ਤੇ ਜੁਰਮ ਕਬੂਲਣ ਲਈ ਮਜ਼ਬੂਰ ਕੀਤਾ ਗਿਆ ਤੇ ਉਸ ਅਪਰਾਧ ਜਿਹੜਾ ਉਸਨੇ ਕੀਤਾ ਹੀ ਨਹੀਂ ਲਈ ਪਿਛਲੇ 16 ਸਾਲਾਂ ਤੋਂ ਜੇਲ੍ਹ ਵਿਚ ਡਕਿਆ ਹੋਇਆ ਹੈ।

ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਪ੍ਰੋ. ਭੁਲਰ ਦੇ ਕੇਸ ਵਿਚ ਕਿਸੇ ਤਰਾਂ ਦਾ ਇਨਸਾਫ ਨਹੀਂ ਹੋਇਆ ਹੈ। ਪ੍ਰੋ. ਭੁਲਰ 'ਤੇ ਇਕਬਾਲੀਆ ਬਿਆਨ ਦੇਣ ਲਈ ਤਸ਼ਦਦ ਕੀਤਾ ਗਿਆ ਤੇ ਹੋਰ ਉਸ ਖਿਲਾਫ ਕੋਈ ਸਬੂਤ ਨਹੀਂ ਹਨ। ਉਨ੍ਹਾਂ ਨੇ ਕਿਹਾ ਕਿ ਅਸੀ ਗਵਰਨਰ ਜਨਰਲ, ਪ੍ਰੀਮੀਅਰ ਤੇ ਹਰ ਪਾਰਟੀ ਦੇ ਸਿਆਸਤਦਾਨਾਂ ਨੂੰ ਅਪੀਲ ਕੀਤੀ ਹੈ ਕਿ ਭਾਰਤੀ ਮੰਤਰੀਆਂ ਦੇ ਦੌਰੇ ਦੌਰਾਨ ਇਸ ਅਹਿਮ ਮੁੱਦੇ ਨੂੰ ਉਠਾਇਆ ਜਾਵੇ। ਉਨ੍ਹਾਂ ਨੇ ਕਿਹਾ ਕਿ ਭਾਰਤ ਤਸ਼ੱਦਦ ਖਿਲਾਫ ਯੂ ਐਨ ਕਨਵੈਨਸ਼ਨ 'ਤੇ ਹਸਤਾਖਰੀ ਨਹੀਂ ਹੈ ਤੇ ਵੱਖ ਵੱਖ ਮਨੁੱਖੀ ਅਧਿਕਾਰ ਜਥੇਬੰਦੀਆਂ ਵਲੋਂ ਦਸਤਾਵੇਜ਼ੀ ਤੌਰ 'ਤੇ ਇਹ ਜਗ ਜਾਹਿਰ ਕੀਤਾ ਹੋਇਆ ਹੈ ਕਿ ਭਾਰਤੀ ਪੁਲਿਸ ਜੁਰਮ

SIKHS FOR JUSTICE
A HUMAN RIGHTS ADVOCACY GROUP

THE EXCHANGE TOWER
130 KING STREET WEST, SUITE 1800
TORONTO, ON M5X 1E3
T: 416.825.5756

ਕਬੂਲਣ ਲਈ ਆਪਣੀ ਹਿਰਾਸਤ ਵਿਚ ਲੋਕਾਂ 'ਤੇ ਅੰਨੇਵਾਹ ਤਸ਼ੱਦਦ ਕਰਦੀ ਹੈ। ਇਸ ਤੋਂ ਪਹਿਲਾਂ ਸਿਖਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਿਆ ਜਾਂਦਾ ਸੀ ਪਰ ਭੁੱਲਰ ਦਾ ਕੇਸ ਦਰਸਾਉਂਦਾ ਹੈ ਕਿ ਹੁਣ ਸਿਖਾਂ ਦਾ ਭਾਰਤ ਵਿਚ ਨਿਆਂਇਕ ਕਤਲ ਕੀਤਾ ਜਾਂਦਾ ਹੈ। ਅਸੀ ਚਾਹੰਦੇ ਹਾਂ ਕਿ ਕੈਨੇਡਾ ਤੇ ਹੋਰ ਵਿਦੇਸ਼ੀ ਸਰਕਾਰਾਂ ਇਸ ਵਿਚ ਦਖਲ ਦੇਣ।

ਸਿਖਸ ਫਾਰ ਜਸਟਿਸ ਕੈਨੇਡਾ ਦੇ ਯੂਥ ਕੋਆਰਡੀਨੇਟਰ ਜਤਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਭਾਰਤ ਆਮ ਹੀ ਦਾਅਵੇ ਕਰਦਾ ਹੈ ਕਿ ਉਹ ਵਿਸ਼ਵ ਦਾ ਸੱਭ ਤੋਂ ਵੱਡਾ ਲੋਕਤੰਤਰ ਹੈ ਪਰ ਉਸ ਦੇ ਦਾਅਵੇ ਖੋਖਲੇ ਸਾਬਿਤ ਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਮੈਂ ਨਹੀਂ ਜਾਣਦਾ ਕਿ ਇਹ ਕਿਸ ਨੇ ਕਿਹਾ ਹੈ ਪਰ ਲੋਕਤੰਤਰ ਦਾ ਅਸੀ ਮਾਪਦੰਡ ਉਸ ਦੇ ਘੱਟਗਿਣਤੀਆਂ ਚਾਹੇ ਉਹ ਸਿਖ ਹੈ ਮੁਸਲਮਾਨ ਜਾਂ ਫਿਰ ਇਸਾਈ ਨਾਲ ਕਿਸ ਤਰਾਂ ਦਾ ਵਤੀਰਾ ਕੀਤਾ ਜਾਂਦਾ ਹੈ ਉਸ 'ਤੇ ਨਿਰਭਰ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਕੈਨੇਡਾ ਭਾਰਤ ਨਾਲ ਵਪਾਰ ਕਰਨ ਜਾ ਰਿਹਾ ਹੈ ਤਾਂ ਸਾਡੇ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਮਨੁੱਖੀ ਅਧਿਕਾਰਾਂ ਬਾਰੇ ਸਖਤੀ ਨਾਲ ਸਵਾਲ ਪੁਛਣ। ਅਸੀ ਜਾਣਦੇ ਹਾਂ ਕਿ ਭਾਰਤ ਵਿਚ ਇਨਸਾਫ ਦੇ ਬਰਾਬਰ ਦਾ ਹੱਕ ਮੰਗਣ ਵਾਲਿਆਂ ਨਾਲ ਆਮ ਕਰਕੇ ਅਨਿਆਂ ਹੁੰਦਾ ਹੈ। ਅਸੀ ਪ੍ਰੋ. ਭੁਲਰ ਤੇ ਭਾਰਤ ਵਿਚ ਸਿਖਾਂ ਲਈ ਇਨਸਾਫ ਦੀ ਮੰਗ ਕਰਦੇ ਹਾਂ।

ਅੱਜ ਦੀ ਅਸ ਵਿਸ਼ਾਲ ਇਨਸਾਫ ਰੈਲੀ ਨੂੰ ਕਰਵਾਉਣਾਂ ਵਾਲੀ ਮਨੁੱਖੀ ਅਧਿਕਾਰ ਸੰਸਥਾ ਸਿਖਸ ਫਾਰ ਜਸਟਿਸ ਇਕ ਪਟੀਸ਼ਨ ਦਾਇਰ ਕਰਨ ਦੀ ਯੋਜਨਾ ਬਣਾ ਰਹੀ ਜੋ ਕਿ ਹਾਊਸ ਆਫ ਕਾਮਨਸ ਵਿਚ ਪੇਸ਼ ਕੀਤੀ ਜਾਵੇਗੀ ਜਿਸ ਵਿਚ ਮੰਗ ਕੀਤੀ ਜਾਵੇਗੀ ਕਿ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਤੇ ਕੈਨੇਡਾਈ ਸਰਕਾਰ ਇਸ ਮਾਮਲੇ ਵਿਚ ਦਖਲ ਦੇਵੇ।

ਭੁਲਰ ਨੂੰ ਬਚਾਉਣ ਲਈ ਕੀਤੀ ਗਈ ਰੈਲੀ ਨੂੰ ਓਂਟਾਰੀਓ ਗੁਰਦੁਆਰਾਸ ਕਮੇਟੀ, ਓਂਟਾਰੀਓ ਸਿਖ ਐਂਡ ਗੁਰਦੁਆਰਾ ਕੌਂਸਲ, ਓਂਟਾਰੀਓ ਗੁਰਦੁਆਰਾਸ ਦੀਆਂ ਹੋਰ ਜਥੇਬੰਦੀਆਂ, ਯੂਨਾਇਟਿਡ ਫਰੰਟ ਆਫ ਸਿਖਸ, ਸ੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ, ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਗੁਰਦੁਆਰਾ ਜੋਤ ਪ੍ਰਕਾਸ਼ ਸਾਹਿਬ, ਗੁਰਦੁਆਰਾ ਮਿਸੀਸਾਗਾ ਸਾਹਿਬ ਅਤੇ ਮੌਂਟਰੀਅਲ ਤੇ ਓਟਾਵਾ ਤੋਂ ਕਈ ਹੋਰ ਸਿਖ ਗੁਰਦੁਆਰਾਸ ਦਾ ਸਮਰਥਨ ਪ੍ਰਾਪਤ ਹੈ।